# ਗੋਰਬਾਲਜ਼

## ਲਈ ਤੁਸੀਂ £80000 ਕਿਵੇਂ ਖ਼ਰਚ ਕਰੋਗੇ

**ਸਾਨੂੰ ਦੱਸੋ:**

bit.ly/gorbalsideasfund

info@newgorbalsha.org.uk

07971819778

LAURIESTON * HUTCHESONTOWN * OATLANDS * RIVERSIDE
GORBALS IDEAS FUND
• IDEAS | COMMUNITY | ACTION •

ਸੁਝਾਅ | ਭਾਈਚਾਰਾ | ਕਾਰਵਾਈ

## 'ਗੋਰਬਾਲਜ਼ ਲਈ £80,000 ਖ਼ਰਚਣ' ਤੋਂ ਤੁਹਾਡਾ ਕੀ ਭਾਵ ਹੈ?

ਗੋਰਬਾਲਜ਼ ਸੁਝਾਅ ਫੰਡ ਸਥਾਨਕ ਵਿਅਕਤੀਆਂ, ਸਮੂਹਾਂ ਅਤੇ ਸੰਗਠਨਾਂ ਨੂੰ ਸਾਡੇ ਭਾਈਚਾਰੇ ਵਿੱਚ ਸਾਕਾਰਾਤਮਕ ਤਬਦੀਲੀ ਲਿਆਉਣ ਲਈ ਸੇਧ ਦਿੰਦਾ ਹੈ।

ਸਕੌਟਿਸ਼ ਸਰਕਾਰ, ਨੈਸ਼ਨਲ ਲੌਟਰੀ ਅਤੇ ਗਲਾਸਗੋ ਹੈਲਥ ਅਤੇ ਸੋਸ਼ਲ ਕੇਅਰ ਪਾਰਟਨਰਸ਼ਿਪ ਵਰਗੇ ਫੰਡਰਜ਼ ਦੀ ਸਹਾਇਤਾ ਨਾਲ, ਅਸੀਂ ਤੁਹਾਨੂੰ ਨਾ ਸਿਰਫ ਆਪਣੇ ਸੁਝਾਅ ਸਾਂਝੇ ਕਰਨ ਦੀ ਜਗ੍ਹਾ ਦਿੰਦੇ ਹਾਂ, ਬਲਕਿ ਅਸੀਂ ਤੁਹਾਡੇ ਸੁਝਾਅ ਲਈ ਫੰਡ ਦਿੱਤੇ ਜਾਣ ਅਤੇ ਇਸ ਨੂੰ ਵਿਹਾਰਕ ਰੂਪ ਦੇਣ ਦਾ ਵੀ ਅਸਲ ਮੌਕਾ ਮੁਹੱਈਆ ਕਰਦੇ ਹਾਂ।

ਇਸ ਸਾਲ ਸਾਡੇ ਕੋਲ ਸਥਾਨਕ ਲੋਕਾਂ ਦੇ ਸੁਝਾਆਂ ਵਾਸਤੇ ਸਹਾਇਤਾ ਕਰਨ ਲਈ **£60,000** ਦੀ ਰਾਸ਼ੀ ਅਤੇ ਭਾਈਚਾਰੇ, ਅਤੇ ਸਵੈ-ਸੇਵੀ ਸਮੂਹਾਂ ਅਤੇ ਸੰਗਠਨਾਂ ਦੇ ਸੁਝਾਆਂ ਲਈ **£20,000** ਦੀ ਰਾਸ਼ੀ ਉਪਬਲਧ ਹੈ।

## ਇਸ ਤਰ੍ਹਾਂ, ਮੈਂ ਕਿਸ ਤਰ੍ਹਾਂ ਸ਼ਾਮਲ ਹੋ ਸਕਦਾ/ਸਕਦੀ ਹਾਂ?

ਸ਼ਾਮਲ ਹੋਣ ਲਈ ਬਿਹਤਰੀਨ ਤਰੀਕਾ ਇਹ ਹੈ ਕਿ ਤੁਸੀਂ at **www.bit.ly/gorbalsideasfund** ’ਤੇ ਸਾਡੇ 'ਤੁਹਾਡੀਆਂ ਤਰਜੀਹਾਂ ਵਾਲੇ ਮੰਚ' ਵਿੱਚ ਸ਼ਾਮਲ ਹੋਵੋ।

ਜੇਕਰ ਤੁਸੀਂ ਤਰਜੀਹ ਦਿੰਦੇ ਹੋ ਤਾਂ ਤੁਸੀਂ ਸਾਨੂੰ **info@gorbalsideas.org.uk** ’ਤੇ ਈਮੇਲ ਕਰ ਸਕਦੇ ਹੋ ਜਾਂ **07971819778** ’ਤੇ ਸਾਨੂੰ ਟੈਕਸਟ-ਸੰਦੇਸ਼ ਭੇਜ ਸਕਦੇ ਹੋ।

ਤੁਹਾਡੇ ਸੁਝਾਅ ਲਈ ਯੋਜਨਾ ਬਣਾਉਣ ਜਾਂ ਬੱਜਟ ਬਣਾਉਣ ਦੀ ਲੋੜ ਨਹੀਂ ਹੁੰਦੀ - ਇਹ ਅਜਿਹਾ ਹੋਣਾ ਚਾਹੀਦਾ ਹੈ ਜਿਸ ਬਾਰੇ ਤੁਹਾਨੂੰ ਲੱਗਦਾ ਹੈ ਕਿ ਇਸ ਨਾਲ ਗੋਰਬਾਲਜ਼ ਰਹਿਣ ਲਈ ਬਿਹਤਰ ਜਗ੍ਹਾ ਬਣੇਗਾ!

## ਇਸ ਤੋਂ ਬਾਅਦ ਕੀ ਹੁੰਦਾ ਹੈ?

ਪ੍ਰਕਿਰਿਆ ਦੇ ਇਸ ਭਾਗ ਨੂੰ ਸੁਝਾਅ ਇਕੱਤਰ ਕਰਨਾ ਕਿਹਾ ਜਾਂਦਾ ਹੈ ਅਤੇ ਇਹ **ਸ਼ਨੀਵਾਰ 1 ਅਪ੍ਰੈਲ 2023** ਤੋਂ ਲੈ ਕੇ **ਸੋਮਵਾਰ 15 ਮਈ 2023** ਤੱਕ ਛੇ ਹਫ਼ਤਿਆਂ ਤੱਕ ਚੱਲੇਗਾ।

ਅਸੀਂ ਫੇਰ ਸਥਾਨਕ ਵਿਅਕਤੀਆਂ ਨੂੰ **ਮੰਗਲਵਾਰ 16 ਮਈ 2023** ਤੋਂ ਲੈ ਕੇ **ਸੋਮਵਾਰ 29 ਮਈ 2023** ਦਰਮਿਆਨ ਆਪਣੇ ਪਸੰਦੀਦਾ ਸੁਝਾਆਂ ਲਈ ਵੋਟ ਪਾਉਣ ਦਾ ਸੱਦਾ ਦੇਵਾਂਗੇ।

ਸਥਾਨਕ ਵਿਅਕਤੀਆਂ ਵੱਲੋਂ ਪੋਸਟ ਕੀਤੇ **10 ਮੁੱਖ ਸੁਝਾਆਂ** ਨੂੰ ਪੂਰੀ ਤਰ੍ਹਾਂ ਅੱਗੇ ਵਧਾਇਆ ਜਾਵੇਗਾ ਅਤੇ ਅੰਤਿਮ ਵੋਟ ਲਈ ਗੋਰਬਾਲਜ਼ ਭਾਈਚਾਰੇ ਕੋਲ ਮੁੜ ਲੈ ਕੇ ਜਾਣ ਤੋਂ ਪਹਿਲਾਂ ਬੱਜਟ ਬਣਾਇਆ ਜਾਵੇਗਾ।